CAREERINDIA

## PART–IV

## LANGUAGE–I

## PUNJABI

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (91-99) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਪੰਜਾਬੀ ਸਮਾਜ ਵਿਚ ਰਿਸ਼ਤਾ-ਪ੍ਰਣਾਲੀ ਦੇ ਦੋ ਪ੍ਰਮੁੱਖ ਆਧਾਰ ਨਾਨਕੇ ਅਤੇ ਦਾਦਕੇ ਹਨ। ਨਾਨਕਿਆਂ ਅਤੇ ਦਾਦਕਿਆਂ ਦੇ 'ਹੱਕ' ਅਤੇ ਫ਼ਰਜ਼' ਵੱਖਰੇ ਵੱਖਰੇ ਹੁੰਦੇ ਹਨ। ਨਾਨਕੇ ਧੀ ਲਈ ਦਾਜ ਸੂਸ਼ਕ ਅਤੇ ਉਸ ਦੇ ਬੱਚਿਆਂ ਦੀ 'ਛੱਕ' ਭਰਦੇ ਹਨ। ਕੰਨਿਆ ਦਾਨ ਕਰਦੇ ਹਨ। ਵਿਆਹੁਲੀ ਕੁੜੀ ਲਈ ਨਾਨਕੇ ਅਨੇਕਾਂ ਗਹਿਣੇ ਢੋਂਦੇ ਹਨ। ਰੰਗਲਾ ਚੂੜਾ, ਨੱਥ, ਮਾਮੇ ਮੁਰਕੀਆਂ ਆਦਿ ਨਾਨਕਿਆਂ ਦੇ ਰਾਖਵੇਂ ਗਹਿਣੇ ਮੰਨੇ ਜਾਂਦੇ ਹਨ। ਕਈ ਵਾਰ ਨਾਨਕੇ ਅੱਧਾਂ ਜਾਂ ਪੂਰਾ ਵਿਆਹ ਦਾ ਖ਼ਰਚ ਵੀ ਸਹਾਰਦੇ ਹਨ। ਜਵਾਈ ਅਤੇ ਦੋਹਤਰੇ ਨੂੰ ਸ਼ਗਨ ਅਤੇ ਕੁੜਮਾਂ ਦੀ ਮਿਲਣੀ ਦਾ ਭਾਰ ਵੀ ਨਾਨਕਿਆਂ ਉਪਰ ਹੀ ਪੈਂਦਾ ਹਨ ਹੈ। ਨਾਨਕੇ 'ਧੀ ਵਾਲੀ ਧਿਰ' ਹੋਣ ਕਾਰਨ ਹਰ ਵਿਹਾਰ ਸਮੇਂ ਕੁਝ ਦੇਣ ਵਾਲੇ ਹੁੰਦੇ ਹਨ, ਜਦੋਂ ਕਿ ਦਾਦਕੇ ਕੇਵਲ ਲੈਣ ਵਾਲੇ ਹੀ। ਆਮ ਤੌਰ 'ਤੇ ਦੇਣ ਵਾਲਾ ਸਖੀ (ਦਰਿਆ ਦਿਲ) ਤੇ ਲੈਣ ਵਾਲਾ ਮੰਗਤਾ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਤਰ੍ਹਾਂ ਮੰਗ ਕੇ ਲੈਣ ਵਾਲੇ ਵੀ ਪੰਜਾਬੀ ਸਮਾਜ ਵਿਚ ਵੱਡਾ ਹੋਣ ਦਾ ਦਾਅਵਾ ਕਰਦੇ ਹਨ?

ਨਾਨਕੇ ਪਿਆਰ ਵਿਚ ਮਾਂ ਦੀ ਆਂਦਰ ਦਾ ਨਿੱਘ ਹੁੰਦਾ ਹੈ। ਨਾਨੀ ਲਈ 'ਦੋਹਤਰਾ' ਪੋਤਰੇ ਨਾਲੋਂ ਵਧੇਰੇ ਪਿਆਰਾ ਹੁੰਦਾ ਹੈ। (ਭਾਵੇਂ ਦੋਹਤਰਾ ਹਰਾਮਖੋਰ ਹੀ ਹੋਵੇ) ਬੱਚੇ ਦੇ ਮਨ ਵਿਚ ਹਮੇਸ਼ਾ ਨਾਨਕਿਆਂ ਦੀ ਤਾਂਘ ਰਹਿੰਦੀ ਹੈ :

ਨਾਨਕੇ ਘਰ ਜਾਵਾਂਗੇ<br>
ਲੱਡੂ ਪੇੜੇ ਖਾਵਾਂਗੇ<br>
ਮੋਟੇ ਹੋ ਕੇ ਆਵਾਂਗੇ।

ਜਦੋਂ ਵੀ ਸੰਕਟ, ਮੁਸੀਬਤ ਦਾ ਸਮਾਂ ਆਵੇ ਤਾਂ ਅਕਸਰ 'ਨਾਨੀ ਚੇਤੇ ਆਉਣੀ' ਜਾਂ ' ਨਾਨਕੇ ਯਾਦ ਆਉਣ' ਵਰਗੇ ਅਖਾਣ ਮੁਹਾਵਰੇ ਵਰਤੇ ਜਾਂਦੇ ਹਨ।

ਨਾਨਕੇ ਪੱਖ ਤੋਂ ਮਾਤਾ ਦਾ ਭਰਾ ਭਾਵੇਂ ਉਹ ਛੋਟਾ ਹੋਵੇ ਜਾਂ ਵੱਡਾ ਹਮੇਸ਼ਾ ਮਾਮਾ ਹੀ ਹੁੰਦਾ ਹੈ। ਜਦੋਂ ਕਿ ਪਿਤਾ ਦਾ ਛੋਟਾ ਭਰਾ ਚਾਚਾ ਅਤੇ ਵੱਡਾ ਭਰਾ ਤਾਇਆ ਹੁੰਦਾ ਹੈ। ਪੰਜਾਬੀ ਸਭਿਆਚਾਰ ਵਿਚ ਮਿਲਦੇ ਇਹ ਰਿਸ਼ਤੇ ਜਿੱਥੇ ਲਿੰਗ-ਮਨਾਹੀ ਅਤੇ ਲਿੰਗ-ਖੁੱਲ੍ਹ ਦਾ ਬੋਧ ਕਰਾਉਂਦੇ ਹਨ, ਉਥੇ ਇਨ੍ਹਾਂ ਦਾ ਆਰਥਿਕ ਪੱਖ ਵੀ ਵਿਚਾਰਨ ਯੋਗ ਹੈ। 'ਚਾਚਾ' ਜੇ ਮਾਂ ਦਾ 'ਦੇਵਰ' ਹੋਣ ਦੇ ਨਾਤੇ ਕੁਝ ਵਧੇਰੇ ਖੁੱਲ੍ਹਾਂ ਮਾਣ ਸਕਦਾ ਹੈ ਤਾਂ ਭਰਜਾਈ ਵੀ ਉਸ ਉੱਤੇ ਵਧੇਰੇ ਹੱਕ ਸਮਝਦੀ ਹੈ। ਕਿਸੇ ਕਾਰਨ ਕਰਕੇ ਜੇ ਚਾਦਰ ਪਾਉਣ ਦੀ ਨੌਬਤ ਆ ਜਾਵੇ ਤਾਂ ਵੀ ਜੇਠ (ਤਾਏ) ਨਾਲੋਂ ਦੇਵਰ (ਚਾਚੇ) ਦੀ ਪਹਿਲ ਹੁੰਦੀ ਹੈ।

**91.** ਨਾਨੀ ਕਿਸ ਨਾਲੋਂ ਵਧ ਦੋਹਤਰੇ ਨੂੰ ਪਿਆਰ ਕਰਦੀ ਹੈ?

(1) ਧੀ ਨਾਲੋਂ (2) ਪੋਤਰੇ ਨਾਲੋਂ (3) ਦੇਵਰ ਨਾਲੋਂ (4) ਜੇਠ ਨਾਲੋਂ

**92.** ਰਿਸ਼ਤਿਆਂ ਵਿਚ ਵਧੇਰੇ ਖੁੱਲ੍ਹ ਕੌਣ ਮਾਣ ਸਕਦਾ ਹੈ ?

(1) ਭਾਣਜਾ (2) ਜੇਠ (3) ਸਹੁਰਾ (4) ਦੇਵਰ

**93.** ਚਾਚਾ ਕੌਣ ਹੁੰਦਾ ਹੈ ?

(1) ਦਾਦੇ ਦਾ ਛੋਟਾ ਭਰਾ (2) ਪਿਤਾ ਦਾ ਵੱਡਾ ਭਰਾ (3) ਪਿਤਾ ਦਾ ਛੋਟਾ ਭਰਾ (4) ਮਾਮੇ ਦਾ ਪੁੱਤਰ

**94.** ਦੇਵਰ ਦੀ ਕਿਸ ਕੰਮ ਵਿਚ ਪਹਿਲ ਮੰਨੀ ਜਾਂਦੀ ਹੈ ?

(1) ਦੋਹਤਰੇ ਨੂੰ ਸ਼ਗਨ ਪਾਉਣ ਵਿਚ (2) ਚੂੜਾ ਪਾਉਣ ਵਿੱਚ

(3) ਚਾਦਰ ਪਾਉਣ ਵਿਚ (4) ਨਾਨਕੇ ਜਾਣ ਵਿਚ

**95.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਖੁੱਲ੍ਹਾ-ਮਾਣ (2) ਵੱਡਾ-ਭਰਾ (3) ਕੁੱਝ-ਵਧੇਰੇ (4) ਲਿੰਗ-ਮਨਾਹੀ

www.careerindia.com

CAREERINDIA

96. ਦੋਹਤਰੇ ਨੂੰ ਸ਼ਗਨ ਕੌਣ ਪਾਉਂਦਾ ਹੈ ?
(1) ਨਾਨਕੇ (2) ਜੇਠ (3) ਚਾਚਾ (4) ਤਾਇਆ

97. ਹੇਠ ਲਿਖਿਆਂ ਵਿੱਚੋਂ ਕਿਹੜਾ ਨਾਨਕਿਆਂ ਨਾਲ ਸੰਬੰਧਤ ਨਹੀਂ ਹੈ ?
(1) ਮੁਰਕੀਆਂ (2) ਚੂੜਾ (3) ਨੱਥ (4) ਮੰਗਤਾ

98. ਪੈਰ੍ਹੇ ਅਨੁਸਾਰ 'ਨਾਨੀ ਚੇਤੇ ਆਉਣੀ' ਕੀ ਹੈ ?
(1) ਸਮਾਨਾਰਥਕ ਸ਼ਬਦ (2) ਮੁਹਾਵਰਾ (3) ਸਮਾਸੀ ਸ਼ਬਦ (4) ਵਿਰੋਧੀ ਸ਼ਬਦ

99. ਨਾਨਕੇ, ਦਾਦਕਿਆਂ ਨਾਲੋਂ ਕਿਸ ਅਧਾਰ ਉੱਤੇ ਵੱਖ ਹੁੰਦੇ ਹਨ ?
(1) ਦਾਦਕੇ (2) ਕੁੜਮ (3) ਫ਼ਰਜ਼ (4) ਮੁਹਾਵਰੇ

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (100-105) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ ॥੨॥ ਰਹਾਉ॥

100. ਉਪਰੋਕਤ ਕਾਵਿ-ਟੁੱਕੜੀ ਦਾ ਸਿਰਲੇਖ ਦੱਸੋ :
(1) ਊਜਲ ਕੈਹਾ ਚਿਲਕਣਾ (2) ਆਰਤੀ
(3) ਸੋ ਕਿਉ ਮੰਦਾ ਆਖੀਐ (4) ਮੋਤੀ ਤ ਮੰਦਰ ਊਸਰਹਿ

101. 'ਭਵਖੰਡਨਾ' ਕਿਸ ਨੂੰ ਕਿਹਾ ਗਿਆ ਹੈ ?
(1) ਰਾਤ-ਦਿਨ ਨੂੰ (2) ਮਕਾਨ ਨੂੰ (3) ਮੁਕਤੀ ਦਾਤਾ ਨੂੰ (4) ਕਵਿਤਾ ਨੂੰ

102. 'ਰਵਿ ਚੰਦ' ਕੌਣ ਹਨ ?
(1) ਸੂਰਜ ਤੇ ਚੰਨ (2) ਅਨਾਹਦ ਸ਼ਬਦ (3) ਸੈਕੜੇ ਅੱਖਾਂ (4) ਦੋ ਵਿਅਕਤੀ

103. ਉਪਰੋਤਕ ਕਾਵਿ-ਟੁੱਕੜੀ ਦੇ ਰਚੈਤਾ ਕੌਣ ਹਨ ?
(1) ਗੁਰੂ ਤੇਗ ਬਹਾਦੁਰ ਜੀ (2) ਗੁਰੂ ਅਰਜਨ ਦੇਵ ਜੀ (3) ਗੁਰੂ ਨਾਨਕ ਦੇਵ ਜੀ (4) ਗੁਰੂ ਹਰਰਾਏ ਜੀ

104. 'ਗਗਨ ਮੈਂ ਥਾਲ' ਤੁਕ ਤੋਂ ਕੀ ਭਾਵ ਹੈ ?
(1) ਪ੍ਰਸੰਨ ਹੋਣਾ (2) ਬਨਸਪਤੀ (3) ਫੁੱਲਾਂ ਦਾ ਰਸ (4) ਆਕਾਸ਼ ਰੂਪੀ ਥਾਲ

105. 'ਵਜੰਤ' ਦਾ ਅਰਥ ਹੈ :
(1) ਪੀ ਰਿਹਾ (2) ਵਰਸ ਰਿਹਾ (3) ਖਾ ਰਿਹਾ (4) ਵਜ ਰਿਹਾ

www.careerindia.com

CAREERINDIA

**106.** ਕਿਊਮਿਨਸ ਦੀ ਅੰਤਰਨਿਰਭਰ ਪਰਿਕਲਪਨਾ ਅਨੁਸਰ ਹੇਠ ਲਿਖਿਆਂ ਵਿੱਚੋਂ ਕਿਹੜਾ ਇਕ-ਦੂਜੇ ਉੱਤੇ ਨਿਰਭਰ ਹੈ ?

(1) ਪਹਿਲੀ ਤੇ ਦੂਜੀ ਭਾਸ਼ਾ ਵਿਚ ਮੁੱਢਲੇ ਪਰਸਪਰ ਕੌਸ਼ਲ

(2) ਦੂਜੀ ਭਾਸ਼ਾ ਵਿਚ ਸੂਝਬੂਝ ਤੇ ਨਿਰਮਾਣ

(3) ਪਹਿਲੀ ਤੇ ਦੂਜੀ ਭਾਸ਼ਾ ਵਿਚ ਬੌਧਿਕ ਅਕਾਦਮਿਕ ਮੁਹਾਰਤ

(4) ਦੂਜੀ ਭਾਸ਼ਾ ਵਿਚ ਪੜ੍ਹਨਾ ਤੇ ਲਿਖਣਾ

**107.** ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾਵਾ ਤੇ ਉਪ-ਭਾਸ਼ਾਵਾਂ ਬਾਰੇ ਭਾਸ਼ਾ ਵਿਗਿਆਨਕ ਰੂਪ ਵਿਚ ਠੀਕ ਹੈ ?

(1) ਭਾਸ਼ਾ ਤੇ ਉਪ-ਭਾਸ਼ਾ ਵਿਚਕਾਰ ਚੰਗੀ ਤਰ੍ਹਾਂ ਪਰਿਭਾਸ਼ਤ ਭਾਸ਼ਾ ਵਿਗਿਆਨਕ ਵੱਖਰਤਾ ਨਹੀਂ ਹੈ।

(2) ਭਾਸ਼ਾਵਾਂ ਦਾ ਲਿਖਤੀ ਸਾਹਿਤ ਹੈ, ਪਰ ਉਪ-ਭਾਸ਼ਾਵਾਂ ਸਿਰਫ਼ ਮੌਖਿਕ ਪਰੰਪਰਾ ਉੱਤੇ ਨਿਰਭਰ ਹਨ।

(3) ਭਾਸ਼ਾਵਾਂ ਤੇ ਉਪਭਾਸ਼ਾਵਾਂ, ਭਾਸ਼ਾ ਵਿਗਿਆਨਕ ਤੌਰ 'ਤੇ ਵੱਖਰੀਆਂ ਹਨ, ਪਰ ਭੂਗੋਲਿਕ ਰੂਪ ਵਿਚ ਸਮਾਨ ਹਨ।

(4) ਭਾਸ਼ਾਵਾਂ ਦੀ ਆਪਣੀ ਲਿਪੀ ਹੈ, ਪਰ ਉਪ-ਭਾਸ਼ਾਵਾਂ ਦੀ ਆਪਣੀ ਲਿਪੀ ਨਹੀਂ ਹੈ।

**108.** ਵੀਰਾ ਸੱਤ ਮਹੀਨੀਆਂ ਦਾ ਇਕ ਛੋਟਾ ਬੱਚਾ ਹੈ। ਉਹ ਹੁਣ ਆਵਾਜ਼ਾਂ ਕੱਢ ਰਿਹਾ ਹੈ, ਜਿਨ੍ਹਾਂ ਵਿਚ ਸਵਰ ਤੇ ਵਿਅੰਜਨ ਸ਼ਾਮਿਲ ਹਨ। ਉਹ ਹੇਠ ਲਿਖਿਆਂ ਵਿਚੋਂ ਕਿਸ ਦੀ ਸਹਾਇਤਾ ਨਾਲ ਸੰਚਾਰ ਕਰ ਰਿਹਾ ਹੈ?

(1) ਭਾਸ਼ਾ ਵਿਗਿਆਨਕ ਭਾਸ਼ਨ (2) ਧੁਨੀਸ

(3) ਬੁੜਬੁੜ (4) ਗੁਟਕਣ

**109.** ਹੇਠ ਲਿਖਿਆਂ ਵਿਚੋਂ ਕਿਹੜਾ ਅੱਖਰਾਂ ਦੀ ਬਜਾਏ ਸ਼ਬਦਾਂ ਅਤੇ ਕਹਾਣੀ ਪਾਠਾਂ ਰਾਹੀਂ ਪੜ੍ਹਨ ਦੇ ਕੌਸ਼ਲਾਂ ਦੀ ਸ਼ੁਰੂਆਤ ਕਰਨ ਲਈ ਨਿਆਂਸੰਗਤ ਨਹੀਂ ?

(1) ਸ਼ਬਦਾਂ ਨਾਲੋਂ ਵੱਖ-ਵੱਖ ਅੱਖਰ ਯਾਦ ਕਰਨੇ ਵਧੇਰੇ ਮੁਸ਼ਕਿਲ ਹੁੰਦੇ ਹਨ।

(2) ਸਿਖਾਂਦਰੂ ਪਾਠਕ ਛੋਟੀਆਂ ਇਕਾਈਆਂ ਨਾਲੋਂ ਵੱਡੀਆਂ ਇਕਾਈਆਂ ਉੱਤੇ ਵਧੇਰੇ ਕੇਂਦ੍ਰਿਤ ਹੋ ਸਕਦੇ ਹਨ।

(3) ਸਬਦ ਅਤੇ ਪਾਠ ਅਰਥ ਭਰਪੂਰ ਹਿੱਸੇਦਾਰੀ ਪਾ ਸਕਦੇ ਹਨ, ਜਿਸ ਨੂੰ ਕਰਨ ਵਿਚ ਅੱਖਰ ਨਾਕਾਮ ਰਹਿੰਦੇ ਹਨ।

(4) ਸਬਦ ਅਤੇ ਪਾਠ ਵਧਰੇ ਰੌਚਕ ਹੁੰਦੇ ਹਨ, ਪਰ ਅੱਖਰ ਨਹੀਂ।

**110.** ਨਿਰਮਿਤ ਸ਼ਬਦਾਵਲੀ ਕੀ ਹੈ?

(1) ਉਹ ਸ਼ਬਦ ਜਿਹੜੇ ਪਾਠਕ ਲਈ ਨਵੇਂ ਹੁੰਦੇ ਹਨ।

(2) ਸ਼ਬਦਾ ਨੂੰ ਸੁਣਦੇ ਹੀ ਉਨ੍ਹਾਂ ਦੀ ਪਛਾਣ ਕਰਨੀ।

(3) ਸਤਰਾਂ ਤੋਂ ਪਾਰ ਜਾ ਕੇ ਪੜ੍ਹੇ ਗਏ ਸ਼ਬਦਾਂ ਵੱਲ ਧਿਆਨ ਦੇਣਾ।

(4) ਉਹ ਸ਼ਬਦ ਜਿਨ੍ਹਾਂ ਦੀ ਅਸੀਂ ਲਿਖਣ ਤੇ ਬੋਲਣ ਵਿਚ ਵਰਤੋਂ ਕਰਦੇ ਹਨ।

**111.** ਇਕ ਬੋਲ ਦੇ ਭਾਈਚਾਰੇ ਵਿਚ ਇਹ ਮਹਿਸੂਸ ਕੀਤਾ ਗਿਆ ਹੈ ਕਿ ਦੋ ਵੱਖ-ਵੱਖ ਸਮਾਜਕ-ਆਰਥਕ ਸਮੂਹਾਂ ਦੇ ਬੁਲਾਰਿਆਂ ਵਲੋਂ |S| ਦਾ ਉਚਾਰਨ ਵੱਖੋ-ਵੱਖਰਾ ਹੁੰਦਾ ਹੈ । ਇਹ ___________ ਦੀ ਉਦਾਹਰਨ ਹੈ।

(1) ਸੋਸ਼ਿਓਸਾਈਕਲੋਜੀਕਲ ਵੇਰੀਏਬਲ (2) ਸੋਸ਼ਿਓਲਿੰਗੁਇਸਟ ਵੇਰੀਏਬਲ

(3) ਪਰੈਗਮੈਟਿਕ ਵੇਰੀਏਬਲ (4) ਸੋਸ਼ਿਓਕਲਚਰਲ ਵੇਰੀਏਬਲ

**112.** ਹੇਠ ਲਿਖਿਆਂ ਵਿੱਚੋਂ ਕਿਹੜਾ ਬਿਆਨ ਪਾਠ-ਬੋਧ ਦੀਆਂ ਯੋਜਨਾਵਾਂ ਬਾਰੇ ਗਲਤ ਹੈ :

(1) ਪਾਠ ਵਿੱਚੋਂ ਤੇਜ਼ੀ ਨਾਲ ਨਜ਼ਰ ਘੁਮਾਉਣ ਵਿਚ ਸਕਿਮਿੰਗ ਤੇ ਸਕੈਨਿੰਗ ਦੋਵੇਂ ਲੋੜੀਦੀਆ ਹਨ।

(2) ਟੈਕਸਟ ਨੂੰ ਤੇਜ਼ੀ ਨਾਲ ਪੜ੍ਹਨ ਵਿਚ ਸਕਿਮਿੰਗ ਸ਼ਾਮਲ ਹੈ, ਜਦਕਿ ਵਿਸ਼ੇਸ਼ ਪੱਖਾ ਨੂੰ ਵੇਖਣ ਲਈ ਸਕੈਨਿੰਗ ਦੀ ਲੋੜ ਹੈ।

(3) ਗਹਿਣ ਪੜ੍ਹਤ ਲਈ ਸਕਿਮਿੰਗ ਕਾਫ਼ੀ ਹੈ, ਜਦਕਿ ਸਰਸਰੀ ਪਾਠ ਵਾਸਤੇ ਸਕੈਨਿੰਗ ਬਹੁਤ ਹੈ।

(4) ਰੀਵਿਊ ਲਈ ਸਕਿਮਿੰਗ ਬਹੁਤ ਹੈ, ਜਦਕਿ ਖ਼ਾਸ ਪ੍ਰਸ਼ਨਾ ਦਾ ਉੱਤਰ ਦੇਣ ਲਈ ਸਕੈਨਿੰਗ ਵਧੇਰੇ ਸਹਾਇਕ ਹੈ।

www.careerindia.com

CAREERINDIA

**113.** ਮਾਂ-ਬੋਲੀ ਅਧਾਰਿਤ ਬਹੁਭਾਸ਼ਾਵਾਦ ਵਕਾਲਤ ਕਰਦਾ ਹੈ ਕਿ :

(1) ਸਾਰੇ ਬੱਚੇ ਹਿੰਦੀ ਆਪਣੀ ਪਹਿਲੀ ਭਾਸ਼ਾ ਵਜੋਂ ਪੜ੍ਹਦੇ ਹਨ।

(2) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਮਾਂ-ਬੋਲੀ ਜਾਂ ਘਰੇਲੂ ਭਾਸ਼ਾ ਵਿਚ ਕਰਦੇ ਹਨ।

(3) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਰਾਜ ਦੀ ਭਾਸ਼ਾ ਵਿਚ ਕਰਦੇ ਹਨ।

(4) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਅੰਗਰੇਜੀ ਮਾਧਿਅਮ ਅਤੇ ਘਰੇਲੂ ਭਾਸ਼ਾ ਵਿਚ ਕਰਦੇ ਹਨ।

**114.** ਹੇਠ ਲਿਖਿਆਂ ਵਿੱਚੋਂ ਕਿਹੜਾ ਭਾਸ਼ਾ ਗ੍ਰਹਿਣ ਜੰਤਰ (LAD) ਦੇ ਸੰਕਲਪ ਦੀ ਵਿਆਖਿਆਂ ਨਹੀਂ ਕਰਦਾ :

(1) ਕਿਵੇਂ ਬੱਚਿਆਂ ਦੀ ਭਾਸ਼ਾ-ਵਿਗਿਆਨਕ ਆਉਟਪੁਟ ਉਨ੍ਹਾਂ ਦੀ ਇਨਪੁਟ ਤੋਂ ਵੱਧ ਹੁੰਦੀ ਹੈ।

(2) ਬੱਚੇ ਆਪਣੀ ਪਹਿਲੀ ਭਾਸ਼ਾ ਕਿਵੇਂ ਸਿਖਦੇ ਹਨ।

(3) ਬੱਚੇ ਕਿਵੇਂ 4-5 ਸਾਲਾਂ ਦੇ ਘੱਟ ਸਮੇਂ ਅੰਦਰ ਭਾਸ਼ਾਂ ਨੂੰ ਸਿੱਖਣ ਦੇ ਯੋਗ ਹੁੰਦੇ ਹਨ।

(4) ਬੱਚੇ ਕਿਵੇਂ ਅਲੰਕਾਰਕ ਭਾਸ਼ਾ ਸਿੱਖਦੇ ਹਨ।

**115.** ਹੇਠ ਲਿਖਿਆ ਵਿਚੋਂ ਕਿਹੜਾ ਦੂਜੀ ਭਾਸ਼ਾ ਦੇ ਅਧਿਆਪਨ ਦੀ ਵਿਆਕਰਨ ਅਨੁਵਾਦ ਵਿਧੀ ਦਾ ਇਕ ਲੱਛਣ ਨਹੀਂ ?

(1) ਭਾਸ਼ਾ ਦੇ ਕਾਰਜ ਨਾਲੋਂ ਰੂਪ ਉੱਤੇ ਵਧੇਰੇ ਬਲ ਦੇਣਾ।

(2) ਪਹਿਲੀ ਤੇ ਦੂਜੀ ਭਾਸ਼ਾ ਦੇ ਵਿਆਕਰਨ ਨੇਮਾਂ ਦੀ ਤੁਲਨਾ ਕਰਨੀ।

(3) ਦੂਜੀ ਭਾਸ਼ਾ ਦੀ ਵਿਅਕਰਨ ਦੇ ਨੇਮਾਂ ਦੀ ਸਿਖਲਾਈ ਤੇ ਅਭਿਆਸ ਕਰਨਾ।

(4) ਦੂਜੀ ਭਾਸ਼ਾ ਵਿਚ ਸਿੱਧਾਂ ਸੰਚਾਰ ਅਤੇ ਫਿਰ ਦੋ ਭਾਸ਼ਾਵਾਂ ਦੀ ਵਿਆਕਰਨ ਦੇ ਨੇਮਾਂ ਦੀ ਤੁਲਨਾ ਕਰਨੀ।

**116.** ਜਦੋਂ ਬੱਚੇ ਆਪਣੇ ਆਲੇ-ਦੁਆਲੇ ਚੀਜ਼ਾਂ, ਘਟਨਾਵਾਂ ਅਤੇ ਕ੍ਰਿਸ਼ਮਿਆ ਬਾਰੇ ਪੁੱਛਣਾ ਸ਼ੁਰੂ ਕਰਦੇ ਹਨ, ਤਾਂ ਭਾਸ਼ਾ ਦੇ ਹੇਠ ਲਿਖੇ ਕਾਰਜਾਂ ਵਿੱਚੋਂ ਕਿਹੜੇ ਕਾਰਜ ਦੀ ਦੂਜਿਆਂ ਨਾਲੋਂ ਵੱਧ ਵਰਤੋਂ ਹੁੰਦੀ ਹੈ?

(1) ਹਿਊਰਿਸਟਿਕ (2) ਕਾਲਪਨਿਕ (3) ਨਿਯਮਕ (4) ਸੂਚਨਾਤਮਕ

**117.** ਇਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਪੁੱਛਦਾ ਹੈ ਕਿ ਉਨ੍ਹਾਂ ਨੇ ਉਸ ਵਲੋਂ ਦਿਤੇ ਗਏ ਅਨੁਭਵ ਅਧਾਰਿਤ ਪ੍ਰਸ਼ਨ ਦਾ ਜੁਆਬ ਕਿਵੇਂ ਦਿਤਾ, ਅਤੇ ਜਦੋਂ ਉਹ ਉਸ ਉੱਤਰ ਨੂੰ ਲਿਖ ਰਹੇ ਸਨ, ਉਹ ਕੀ ਤੇ ਕਿਸ ਤਰ੍ਹਾਂ ਸੋਚ ਰਹੇ ਸਨ? ਇਹ __________ ਦੀ ਉਦਾਹਰਨ ਹੈ।

(1) ਮੈਟਾਸੀਮੋਂਟਿਕਸ (2) ਮੈਟਾਕੌਗਨੀਸ਼ਨ (3) ਮੈਟਾਫਰ (4) ਮੈਟਾਲਿੰਗੁਇਜ਼ਮ

**118.** ਹੇਠ ਲਿਖਿਆਂ ਕਰਾਸ਼ਨ (krashen) ਦੀਆਂ ਪਰਿਕਲਪਨਾਵਾਂ ਵਿਚੋਂ ਕਿਹੜੀ ਵਿਆਸਕੀ (Vygotsky) ਦੀ ZPD ਦੇ ਸਮਾਨਾਂਤਰ ਹੈ ?

(1) ਅਫੈਕਟਿਵ ਫਿਲਟਰ ਪਰਿਕਲਪਨਾ (2) ਇਨਪੁੱਟ ਪਰਿਕਲਪਨਾ

(3) ਮਾਨੀਟਰ ਪਰਿਕਲਪਨਾ (4) ਸੁਭਾਵਕ ਕ੍ਰਮ ਦੀ ਪਰਿਕਲਪਨਾ

**119.** ਹੇਠ ਲਿਖਿਆਂ ਵਿੱਚੋਂ ਕਿਹੜਾ ਕੌਸ਼ਲ ਸਮਝ ਨਾਲ ਪੜ੍ਹਨ ਦਾ ਸੂਚਕ ਨਹੀਂ ਮੰਨਿਆਂ ਜਾਂਦਾ ?

(1) ਹੁਣ ਤੱਕ ਪੜ੍ਹੇ ਗਏ ਪਾਠ ਨੂੰ ਮਾਨਸਿਕ ਰੂਪ ਵਿੱਚ ਸੰਖੇਪ ਕਰਨਾ

(2) ਇਕੱਲੇ ਅੱਖਰਾਂ ਉੱਤੇ ਬਲ ਦੇਣਾ

(3) ਵਿਸ਼ੇ ਦਾ ਪੂਰਣ ਗਿਆਨ ਹੋਣਾ

(4) ਘਟਨਾਵਾਂ ਜਾਂ ਵਿਚਾਰਾਂ ਨੂੰ ਕ੍ਰਮਬੱਧ ਕਰਨਾ ਤੇ ਉਨ੍ਹਾਂ ਦਾ ਅਨੁਮਾਨ ਲਗਾਉਣਾ

**120.** ਹੇਠ ਲਿਖੇ ਮਨੁੱਖੀ ਭਾਸ਼ਾ ਦੇ ਕਿਹੜੇ ਤੱਤਾਂ ਕਾਰਨ ਮਨੁੱਖ ਚੀਜ਼ਾ ਬਾਰੇ ਗੱਲਬਾਤ ਕਰਦੇ ਹਨ, ਜੋ ਉਸੇ ਸਮੇਂ ਤੇ ਸਥਾਨ ਅੰਦਰ ਮੌਜੂਦ ਨਹੀਂ ਹਨ ?

(1) ਅਮੂਰਤਨ (2) ਵਿਸਥਾਪਨ

(3) ਖੁਦਮੁਖ਼ਤਾਰੀ (4) ਸੰਰਚਨਾਤਮਕ ਨਿਰਭਰਤਾ

www.careerindia.com

CAREERINDIA

## PART–V

## LANGUAGE–II

## PUNJABI

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (121-128) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਗਧੀਲਾ ਸ਼ੁੱਧ ਖ਼ਾਨਾਬਦੋਸ ਕਬੀਲਾ ਹੈ। ਇਹ ਕੋਈ ਕੰਮ ਨਹੀ ਕਰਦੇ ਸਿਵਾਏ ਗਿੱਦੜ ਬਿੱਲੇ ਮਾਰਨ ਦੇ। ਕਾਗ਼ਜ਼ ਦੀਆਂ ਭੰਬੀਰੀਆਂ, ਮਿੱਟੀ ਦੇ ਖਿਡੌਣੇ, ਘੁੱਗੂ ਤੇ ਚੱਕੀਆ ਬਣਾ ਕੇ ਇਨ੍ਹਾਂ ਦੀਆਂ ਔਰਤਾਂ ਵੇਚਦੀਆਂ ਹਨ। ਮਾਈ ਸੇਢੋਂ ਪੱਖੀਵਾਸ ਕਬੀਲੇ ਦੀ ਮਹਾਂ ਮਾਈ, ਇਸੇ ਕਬੀਲੇ ਦੀ ਦੀ ਸੀ ।

'ਬਰੜ' ਕਬੀਲੇ ਨੂੰ ਸ਼ੇਰ ਸੋਭਰ ਵੀ ਕਿਹਾਂ ਜਾਂਦਾ ਹੈ। ਇਨ੍ਹਾਂ ਦੇ ਵਡੇਰੇ ਨੇ ਸ਼ੇਰ ਕਾਬੂ ਕਰ ਲਿਆ ਸੀ। ਇਨ੍ਹਾਂ ਦੇ ਕਈ ਗੋਤ ਮਿਲਦੇ ਹਨ। ਗਗੜਾ ਕਬੀਲਾ ਜੋਕਾਂ ਲਾਉਣ ਦਾ ਕੰਮ ਕਰਦਾ ਹੈ । ਜੋੜਾਂ ਦੇ ਦਰਦ, ਖਾਰਸ਼, ਦੱਦਰ ਤੇ ਚੰਬਲ ਦਾ ਇਲਾਜ ਕਰਦੇ ਹਨ। ਇਹ ਕਬੀਲਾ ਚੰਗਾ ਸ਼ਿਕਾਰੀ ਨਹੀਂ ਹੇ। ਇਹ ਸਾਈਂ ਬੁਲ੍ਹੇ ਸ਼ਾਹ ਦੀ ਪੂਜਾ ਕਰਦੇ ਹਨ।

ਬਾਜੀਗਰ, ਸਿਕਲੀਗਰ ਅਤੇ ਲੁਬਾਣੇ ਆਪਸ ਵਿੱਚ ਚਾਚੇ ਤਾਏ ਦੇ ਪੁੱਤ ਭਰਾ ਮੰਨੇ ਜਾਂਦੇ ਹਨ। ਬਾਜੀਗਰ ਮਿਥ ਕੇ ਬਾਜੀ ਪਾਉਂਦੇ ਹਨ। ਇਹ ਬਹੁਤ ਹੀ ਜਾਨ ਜ਼ੋਖਮ ਦਾ ਧੰਦਾ ਕਰਦੇ ਹਨ। ਮਾਰਵਾੜ ਬਾਜੀਗਰ ਮੁਰਦੇ ਨੂੰ ਸਾਧਾਰਨ ਲੱਕੜੀ ਦੇ ਸੰਦੂਕ ਵਿਚ ਬੰਦ ਕਰ ਕੇ ਦੱਬ ਦਿੰਦੇ ਹਨ। ਇਨ੍ਹਾਂ ਦਾ ਪੇਸ਼ਾ ਹੀ ਬਾਜੀ ਪਾਉਣਾ ਹੈ।

ਗਾਡੀ ਲੋਹਾਰ ਠੰਡਾ ਲੋਹਾ ਕੁੱਟਦੇ ਹਨ। ਬਾਲਟੀ, ਤਸਲੇ ਆਦਿ ਸੰਵਾਰਦੇ, ਤੱਕਲੇ ਝਾਰਨੀਆਂ, ਚਿਮਟੇ ਬਣਾ ਕੇ ਘਰ ਦੀਆਂ ਸੁਆਣੀਆਂ ਨੂੰ ਦਿੰਦੇ ਹਨ। ਲੱਲੀ ਇਕ ਫਕੀਰ ਸ਼੍ਰੇਣੀ ਹੈ। ਮੰਗਣ ਤੋਂ ਬਿਨਾਂ ਇਨ੍ਹਾਂ ਦਾ ਕੋਈ ਪੇਸ਼ਾ ਨਹੀਂ।ਸ਼ਰਾਬ ਪੀਂਦੇ ਹਨ। ਲਾਲਾਂ ਵਾਲੇ ਜਾਂ ਸਖੀ ਸਰਵਰ ਦੀ ਪੂਜਾ ਕਰਦੇ ਹਨ।

ਕਲੰਦਰ ਅਤੇ ਮਦਾਰੀ ਕਾਫੀ ਮਿਲਦੇ ਜੁਲਦੇ ਕਬੀਲੇ ਹਨ। ਕਲੰਦਰ ਰਿੱਛ, ਬਾਂਦਰ ਨਚਾ ਕੇ, ਮਦਾਰੀ ਟੋਕਰੀ ਦਾ ਖੇਲ, ਕਬੂਤਰ ਕੱਢਣੇ ਆਦਿ ਦਾ ਖੇਲ ਕਰਦਾ ਹੈ । ਮਦਾਰੀ ਦੇ ਨਾਲ ਜਮੂਰਾ ਹੁੰਦਾ ਹੈ । ਇਹ ਪੇਸ਼ਾਵਰ ਜਾਤੀ ਕਾਲੀ ਕਲਕੱਤੇ ਵਾਲੀ ਦੀ ਉਪਾਸ਼ਕ ਹੈ। ਕੰਗਰ ਸ਼ਾਂਝੇ ਪੰਜਾਬ ਦਾ ਨਿਰੋਲ ਪੱਖੀਵਾਸ ਕਬੀਲਾ ਹੈ। ਇਹ ਘੁੱਗੂ ਘੋੜੇ ਬਣਾ ਕੇ ਵੇਚਦੇ ਹਨ।

**121.** ਮਾਈ ਸੇਢੋਂ ਕਿਹੜੇ ਕਬੀਲੇ ਦੀ ਪੁੱਤਰੀ ਸੀ?

(1) ਮਦਾਰੀ (2) ਗਧੀਲਾ (3) ਸਿਕਲੀਗਰ (4) ਗਾਡੀ ਲੋਹਾਰ

**122.** ਕਬੂਤਰ ਕੱਢਣ ਦਾ ਕੰਮ ਕੌਣ ਕਰਦਾ ਹੈ ?

(1) ਮਦਾਰੀ (2) ਗਾਡੀ ਲੋਹਾਰ (3) ਮਾਰਵਾੜ (4) ਬਾਜੀਗਰ

**123.** ਤੱਕਲੇ ਕੌਣ ਬਣਾਉਦਾ ਹੈ ?

(1) ਕਲੰਦਰ (2) ਗਗੜਾ ਕਬੀਲਾ (3) ਬਾਜੀਗਰ (4) ਗਾਡੀ ਲੋਹਾਰ

**124.** 'ਸੰਵਾਰਦੇ' ਦਾ ਵਿਰੋਧੀ ਸ਼ਬਦ ਕਿਹੜਾ ਹੈ ?

(1) ਸੁਲਝਾਉਂਦੇ (2) ਸਾਫ਼ ਕਰਦੇ (3) ਖ਼ਰਾਬ ਕਰਦੇ (4) ਸਫ਼ਾਈ ਕਰਦੇ

**125.** 'ਕਾਲੀ ਕਲਕੱਤੇ ਵਾਲੀ' ਦੀ ਪੂਜਾ ਕੌਣ ਕਰਦਾ ਹੈ ?

(1) ਮਦਾਰੀ (2) ਬਰੜ (3) ਗਗੜਾ (4) ਬਾਜੀਗਰ

www.careerindia.com

CAREERINDIA

**126.** ਪੰਜਾਬ ਦਾ ਮੂਲ ਕਬੀਲਾ ਕਿਹੜਾ ਹੈ ?

(1) ਗਗੜਾ (2) ਬਾਜੀਗਰ (3) ਬਰੜ (4) ਕੰਗਰ

**127.** ਜ਼ੋਖ਼ਮ ਵਾਲੀ ਖੇਡ ਕੌਣ ਖੇਡਦੇ ਹਨ ?

(1) ਗਗੜਾ (2) ਬਾਜੀਗਰ (3) ਗਾਡੀ ਲੁਹਾਰ (4) ਬਗੜ

**128.** ਹੇਠ ਲਿਖਿਆਂ ਵਿੱਚੋਂ ਕਿਹੜਾ ਗਾਡੀ ਲੋਹਾਰ ਨਾਲ ਸੰਬੰਧਨ ਨਹੀਂ ?

(1) ਬਾਲਟੀ (2) ਚਿੱਮਟੇ (3) ਰਿੱਛ (4) ਤਸਲੇ

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (129-135) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਪਰਾਤਨ ਪੰਜਾਬ ਵਿੱਚ ਸਿਰ ਤੋਂ ਪੈਰਾ ਤੱਕ ਸਾਇਦ ਹੀ ਕੋਈ ਅੰਗ ਹੋਵੇ ਜਿਹੜਾ ਗਹਿਣਿਆ ਤੋਂ ਸੱਖਣਾ ਰਹਿੰਦਾ ਹੋਵੇ। ਹਰਿਆਣੇ ਦੇ ਇਲਾਕੇ ਵਿੱਚ 81 ਕਿਸਮ ਦੇ ਗਹਿਣੇ ਪ੍ਰਚਲਿਤ ਰਹੇ ਹਨ, ਜਿਸ ਵਿੱਚ ਪੰਜ ਗਹਿਣੇ ਇਕੱਲੇ ਨੱਕ ਵਾਸਤੇ ਸਨ। ਨੱਕ ਦਾ ਗਹਿਣਾ ਪ੍ਰਾਚੀਨ ਸਮੇਂ ਵਿੱਚ ਨਹੀਂ ਸੀ ਹੁੰਦਾ। ਹੌਲੀ ਹੌਲੀ ਨੱਥ ਚੂੜਾ ਸੁਹਾਗ ਦਾ ਚਿੰਨ ਬਣ ਗਿਆ। ਨੱਥ, ਚੂੜੇ ਦੀ ਅਣਹੋਂਦ ਕਾਰਨ ਔਰਤ ਨੂੰ ਜਾਂ ਵਿਧਵਾ ਸਮਝਿਆਂ ਜਾਂਦਾ ਸੀ ਜਾਂ ਕੁਆਰੀ। ਪੰਜਾਬੀ ਸਭਿਆਚਾਰ ਵਿਚ ਇਹ ਅਸੀਸ 'ਤੇਰਾ ਨੱਥ ਚੂੜਾ ਬਣਿਆ ਰਹੇ' ਇਸ ਦੀ ਲੋਕਪ੍ਰਿਯਤ ਵੱਲ ਹੀ ਸੰਕੇਤ ਕਰਦੀ ਹੈ।

ਗਹਿਣਾ ਨਿਰਾ ਸ਼ਿੰਗਾਰ ਦਾ ਸਾਧਨ ਹੀ ਨਹੀਂ ਸਗੋਂ ਸੋਨੇ ਦੇ ਮਹਿੰਗਾ ਹੋ ਜਾਣ ਕਾਰਨ ਇਹ ਸੰਕਟ ਸਮੇਂ ਆਰਥਿਕ ਲੋੜਾਂ ਵੀ ਪੂਰੀਆ ਕਰਨ ਲੱਗ ਪਿਆ ਹੈ। ਅੱਜ ਵੀ ਆਰਥਿਕ ਸੰਕਟ ਵਿਚ ਗ੍ਰਸਿਆਂ ਮਨੁੱਖ ਗ਼ਮੀ-ਸ਼ਾਦੀ ਨਾਲ ਸੰਬੰਧਤ ਅਨੇਕਾਂ ਰਸਮਾਂ ਗਹਿਣੇ ਵੇਚ ਕੇ ਪੂਰੀਆਂ ਕਰਦਾ ਹੈ। ਜ਼ਮੀਨ ਨੂੰ ਗਹਿਣੇ ਤੋਂ ਛੁਡਾਉਣ ਜਾਂ ਹੋਰ ਜ਼ਮੀਨ ਖ਼ਰੀਦਣ ਲਈ ਵੀ ਗਹਿਣਾ ਪ੍ਰਯੋਗ ਹੁੰਦਾ ਹੈ ।

ਸਰੀਰਕ ਅੰਗਾਂ ਦੀ ਤਰਤੀਬ ਵਿੱਚ ਜੋ ਸਿਰ ਦੇ ਗਹਿਣੇ ਵੇਖੀਏ ਤਾਂ ਕੇਂਦਰੀ ਪੰਜਾਬ ਵਿੱਚ ਸੱਗੀ ਫੁੱਲ, ਚੌਂਕ ਚੰਦ, ਬੋਰਲਾ, ਬਘਿਆੜੀ, ਸ਼ਿੰਗਾਰ ਪੱਟੀ, ਟਿੱਕਾ, ਕਲਿੱਪ, ਝੁੰਮਰ ਸੂਈ ਸਿਰ ਉੱਤੇ ਪਹਿਨੇ ਜਾਣ ਵਾਲੇ ਗਹਿਣੇ ਰਹੇ ਹਨ। ਵਾਲਾਂ ਨੂੰ ਵੱਖ-ਵੱਖ ਢੰਗਾ ਨਾਲ ਗੁੰਦ ਕੇ ਸੰਵਾਰਨਾ ਵੀ ਸ਼ਿੰਗਾਰ ਦਾ ਅੰਗ ਰਿਹਾ ਹੈ। 'ਡਾਕ-ਬੰਗਲਾ' ਵਾਲ ਗੁੰਦਣ ਦਾ ਇਕ ਕਾਫੀ ਹਰਮਨ ਪਿਆਰਾ ਢੰਗ ਰਿਹਾ ਹੈ:

ਸਿਰ ਗੁੰਦ ਦੇ ਕਪੱਤੀਏ ਨੈਣੇ ਉੱਤੇ ਪਾ ਦੇ ਡਾਕ ਬੰਗਲਾ।

ਵਾਲਾਂ ਨੂੰ ਗੁੰਦ ਕੇ ਗੁੱਤ ਕਰਨਾ ਤੇ ਗੁੱਤ ਨੂੰ ਵੱਖ-ਵੱਖ ਢੰਗਾ ਨਾਲ ਸ਼ਿੰਗਾਰਨਾ ਵੀ ਕਾਫੀ ਸਮੇਂ ਤੋਂ ਸ਼ਿਗਾਰ ਦਾ ਅੰਗ ਬਣਿਆ ਰਿਹਾ ਹੈ। ਦੋ ਗੁਤਾਂ, ਚਾਰ ਗੁੱਤਾਂ, ਗੁੱਤ ਨਾਲ ਮਣਕੇ, ਲੀਲ੍ਹਕਾਂ ਤੇ ਹੋਰ ਅੰਗ ਬਣਿਆ ਚੀਜਾਂ ਨਾਲ ਸ਼ਿੰਗਾਰਨਾ ਵੀ ਸ਼ਿੰਗਾਰ ਦਾ ਅੰਗ ਰਿਹਾਂ ਹੈ। ਜਲੇਬੀ ਜੂੜਾ ਵੀ ਵਾਲ ਸ਼ਿੰਗਾਰਨ ਦਾ ਇਕ ਢੰਗ ਹੈ ।ਗੁੱਤ ਨਾਲ ਛੱਬਾ ਬੰਨਣ ਦੀ ਵੀ ਰਵਾਇਤ ਰਹੀ ਹੈ। ਛੱਬਾ, ਜੰਜ਼ੀਰਾ, ਮਣਕਿਆ ਤੇ ਮੋਤੀਆਂ ਨਾਲ ਜੁੜਿਆ ਗਹਿਣਾ ਹੁੰਦਾ ਹੈ, ਜਿਹੜਾ ਕੁਆਰੀਆ ਕੁੜੀਆ ਪਹਿਨਦੀਆਂ ਹਨ।

**129.** 'ਬਘਿਆੜੀ' ਕਿਹੜੇ ਅੰਗ ਦਾ ਗਹਿਣਾ ਹੈ?

(1) ਕੰਨ (2) ਸਿਰ (3) ਗਲਾ (4) ਨੱਕ

**130.** ਸੁਹਾਗ ਦੀ ਨਿਸ਼ਾਨੀ ਕਿਹੜਾ ਗਹਿਣਾ ਹੈ ?

(1) ਚੌਂਕ ਚੰਦ (2) ਨੱਥ-ਚੂੜਾ (3) ਕਲਿੱਪ (4) ਡਾਕ-ਬੰਗਲਾ

**131.** ਹਰਿਆਣੇ ਵਿਚ ਸਿਰਫ਼ ਨੱਕ ਲਈ ਕਿੰਨੇ ਗਹਿਣੇ ਹਨ?

(1) ਪੰਜ (2) ਇਕਿਆਸੀ (3) ਸਤਾਸੀ (4) ਪੱਚੀ

www.careerindia.com

CAREERINDIA

**132.** ਮੁਸ਼ਕਿਲ ਦੌਰ ਵਿਚ ਕੌਣ ਕੰਮ ਆਉਂਦਾ ਹੈ?

(1) ਪਿੱਤਲ (2) ਚਾਂਦੀ (3) ਸੋਨਾ (4) ਤਾਂਬਾ

**133.** ਹੇਠ ਲਿਖਿਆਂ ਵਿੱਚੋਂ ਕਿਹੜਾ ਗਹਿਣਾ ਸਿਰ ਉੱਤੇ ਨਹੀਂ ਪਾਇਆ ਜਾਂਦਾ ?

(1) ਚੂੜਾ (2) ਚੌਕ ਚੰਦ (3) ਸੱਗੀ ਫੁੱਲ (4) ਕਲਿੱਪ

**134.** 'ਡਾਕ-ਬੰਗਲਾ' ਦਾ ਕਿਸ ਨਾਲ ਸੰਬੰਧ ਹੈ ?

(1) ਹੱਥ ਨਾਲ (2) ਪੈਰਾਂ ਨਾਲ (3) ਨੱਕ ਨਾਲ (4) ਵਾਲਾਂ ਨਾਲ

**135.** 'ਛੱਬਾ' ਕਿਸ ਨਾਲ ਬੰਨ੍ਹਿਆਂ ਜਾਂਦਾ ਹੈ ?

(1) ਨੱਥ-ਚੂੜੇ ਨਾਲ (2) ਲੱਤ ਨਾਲ (3) ਝਾਂਜਰ ਨਾਲ (4) ਗੁੱਤ ਨਾਲ

**136.** ਹੇਠ ਲਿਖਿਆਂ ਵਿਚੋਂ ਕਿਹੜਾ ਬਾਲ-ਸਾਹਿਤ ਵਿਚ ਇਕ ਮਨਭਾਉਂਦਾ ਪੱਖ ਨਹੀਂ ਹੈ ?

(1) ਆਕਰਸ਼ਿਤ ਤਸਵੀਰਾਂ

(2) ਜਾਨਵਰਾਂ ਦੇ ਪਾਤਰ

(3) ਨੈਤਿਕ ਕਦਰਾਂ ਕੀਮਤਾ ਨੂੰ ਸਪੱਸ਼ਟ ਕਰਨਾ

(4) ਫੌਂਟ ਦਾ ਵੱਡਾ ਅਕਾਰ ਅਤੇ ਜਾਣੇ-ਪਛਾਣੇ ਸ਼ਬਦ

**137.** ਮੁੱਢਲੇ ਪਰਸਪਰ ਸੰਚਾਰਾਤਮਕ ਕੌਸ਼ਲ ਨੂੰ ਕਹਿੰਦੇ ਹਨ :

(1) ਅੰਤਰ-ਭਾਸ਼ਾ (2) ਉੱਚ-ਕ੍ਰਮ ਦਾ ਭਾਸ਼ਾ ਕੌਸ਼ਲ

(3) ਭਾਸ਼ਾ ਦੀ ਅਮੂਰਤਤਾ (4) ਰੁਜ਼ਾਨਾ ਸੰਚਾਰ ਲਈ ਵਰਤੀ ਜਾਂਦੀ ਭਾਸ਼ਾ

**138.** ਹੇਠ ਲਿਖਿਆਂ ਵਿਚੋਂ ਕਿਹੜਾ ਸਮੁੱਚੀ ਜਮਾਤ ਦੇ ਨਿਰਮਾਣ ਵਿਚ ਸਹਾਇਕ ਨਹੀਂ ?

(1) ਜਮਾਤ ਵਿੱਚ ਕੁਝ ਵਿਦਿਆਰਥੀਆਂ ਨੂੰ ਮੌਨੀਟਰ ਬਣਾਉਣਾ

(2) ਪੀਅਰ-ਗਰੁੱਪ ਵਾਰਤਾਲਾਪ ਅਤੇ ਫੀਡਬੈਕ ਸਿਸਟਮ

(3) ਟੀਮ ਦੇ ਟਾਸਕ ਦੇਣੇ

(4) ਇਕ ਬਹੁਭਾਸ਼ੀ ਪਹੁੰਚ ਅਪਣਾਉਣੀ

**139.** ਹੇਠ ਲਿਖਿਆਂ ਵਿਚੋਂ ਕਿਹੜਾ ਸਟੀਫ਼ਨ ਕਰਾਸ਼ਨ ਵਲੋਂ ਦਿੱਤੇ ਗਏ ਮੌਨੀਟਰ ਹਾਈਪੋਥੀਸਿਸ ਬਾਰੇ ਸਹੀ ਨਹੀਂ ?

(1) ਸਿਖਿਆਰਥੀ ਤਾਂ ਹੀ ਨਿਗਰਾਨੀ ਕਰ ਸਕਦਾ ਹੈ, ਜੇਕਰ ਉਸ ਕੋਲ ਲੋੜੀਂਦਾ ਸਮਾ ਅਤੇ ਨੇਮਾਂ ਦਾ ਲੋੜ ਅਨੁਸਰ ਗਿਆਨ ਹੈ ।

(2) ਇਸ ਦੀ ਦੂਜੀ ਭਾਸ਼ਾ ਗ੍ਰਹਿਣ ਕਰਨ ਦੇ ਸੰਦਰਭ ਵਿਚ ਵਰਤੋਂ ਹੁੰਦਾ ਹੈ ।

(3) ਇਹ ਗ੍ਰਹਿਣਸ਼ੀਲਤਾ ਅਤੇ ਸਿਖਲਾਈ ਵਿਚਕਾਰ ਸੰਬੰਧ ਉੱਤੇ ਅਧਾਰਿਤ ਹੈ ।

(4) ਜੋ ਪ੍ਰਾਪਤ ਕੀਤਾ ਹੈ ਉਹ ਸਿਖੇ ਹੋਏ ਦੀ ਨਿਗਰਾਨੀ ਕਰਨ ਵਿਚ ਸਹਾਇਕ ਹੁੰਦਾ ਹੈ ।

www.careerindia.com

**140.** ਇਕ ਅਧਿਆਪਕ ਹਿੰਦੀ ਭਾਸ਼ੀ ਵਿਦਿਆਰਥੀਆ ਨੂੰ ਦੂਜੀ ਭਾਸ਼ਾਂ ਵਜੋਂ ਅੰਗਰੇਜ਼ੀ ਪੜ੍ਹਾ ਰਿਹਾ ਹੈ । ਉਹ ਉਨ੍ਹਾਂ ਨੂੰ ਸਪੱਸ਼ਟ ਨੇਮ ਦੱਸੇ ਬਿਨਾ ਅੰਗਰੇਜ਼ੀ ਵਿਚ ਛੋਟੀਆ ਵਾਰਤਾਵਾਂ ਵਿਚ ਵਿਅਸਤ ਰੱਖਣ ਲਈ ਸੰਦਰਭ ਅਤੇ ਮੌਕੇ ਪ੍ਰਦਾਨ ਕਰਦਾ ਹੈ । ਉਹ ਉਨਾਂ ਸਾਹਮਣੇ ਓਦਾਹਰਨਾਂ ਪੇਸ਼ ਕਰਦਾ ਹੈ, ਜਿਨਾਂ ਦੀ ਉਹ ਆਪਣੀਆ ਵਾਰਤਾਵਾਂ ਵਿੱਚ ਵਰਤੋਂ ਕਰਦੇ ਹਨ। ਹੌਲੀ-ਹੌਲੀ ਉਹ ਅਧਿਆਪਕ ਦੀ ਸਹਾਇਤਾ ਨਾਲ ਆਪਣੇ ਆਪ ਨੇਮਾਂ ਦੀ ਵਰਤੋਂ ਕਰਨ ਲਗਦੇ ਹਨ। ਤੁਹਾਡੇ ਅਨੁਸਾਰ ਅਧਿਆਪਕ ਕਿਸ ਮਾੱਡਲ/ਪਹੁੰਚ ਦੀ ਵਰਤੋਂ ਕਰ ਰਿਹਾ ਹੈ?

(1) ਪ੍ਰੱਤਖ ਵਿਧੀ
(2) ਵਿਆਕਰਨ ਅਨੁਵਾਦ ਦੀ ਵਿਧੀ
(3) ਆਡੀਓ ਲਿੰਗੁਅਲ ਵਿਧੀ
(4) ਸੰਚਾਰਾਤਮਕ ਪਹੁੰਚ

**141.** ਹੇਠ ਲਿਖਿਆਂ ਵਿਚੋਂ ਕਿਹੜਾ ਪਾਠਗਤ ਸੂਝਬੂਜ ਅਤੇ ਸ਼ਬਦਾਵਾਲੀ ਦੇ ਨਿਰਮਾਨ ਵਿਚ ਸਹਾਇਕ ਨਹੀਂ ?

(1) ਤਸਵੀਰਾਂ ਦੇ ਕੋਸ਼
(2) ਸ਼ਬਦ-ਨਕਸੇ
(3) ਵਰਨਮਾਲਾ ਦੇ ਚਾਰਟ
(4) ਥੀਮ ਦੇ ਨਕਸ਼ੇ

**142.** ਕਹਾਣੀਆਂ ਦਾ ਕਿਹੜਾ ਰੂਪ ਬਹੁਭਾਸ਼ਾਵਾਦ ਅਤੇ ਬਹੁ-ਸਭਿਆਚਾਰਵਾਦ ਦਾ ਪ੍ਰਚਾਰ ਕਰਨ ਨਾਲ ਸਭ ਤੋਂ ਵੱਧ ਸੰਬੰਧਤ ਹੈ?

(1) ਲੰਮੇਰੀ ਕਥਾ
(2) ਲੋਕ-ਕਹਾਣੀਆਂ
(3) ਸਵੈ-ਜੀਵਨੀਆਂ
(4) ਸਾਇੰਸ-ਫਿਕਸ਼ਨ

**143.** ਹੇਠ ਲਿਖਿਆਂ ਵਿੱਚੋਂ ਕਿੜਾ ਸੰਚਾਰਾਤਮਕ ਪਹੁੰਚ ਦਾ ਇਕ ਲੱਛਣ ਨਹੀਂ ਹੈ ?

(1) ਸੰਚਾਰਾਤਮਕ ਯੋਗਤਾ ਵਿਕਸਿਤ ਕਰਨੀ।
(2) ਕਾਰਜ ਨਾਲੋਂ ਰੂਪ ਉੱਤੇ ਵਧੇਰੇ ਬਲ।
(3) ਭਾਸ਼ਾ ਦੀ ਸੰਦਰਭਗਤ ਵਰਤੋਂ।
(4) ਸਪੱਸ਼ਟ ਅਧਿਆਪਨ ਦੇ ਬਾਵਜੂਦ ਵਿਆਕਰਨ ਦੇ ਨੇਮਾਂ ਦੀ ਖੋਜ ਕਰਨੀ ।

**144.** ਜਦੋਂ ਇਕ ਸਿਖਾਂਦਰੂ ਪਾੜਾ ਟੈਕਸਟ ਦੇ ਥੀਮ ਅਤੇ ਸਭਿਆਚਾਰਕ ਪੱਖਾਂ ਆਦਿ ਬਾਰੇ ਆਮ ਗਿਆਨ ਦੀ ਵਰਤੋਂ ਕਰਦਾ ਹੋਇਆ ਵਿਸ਼ੇਸ ਪਾਠਗਤ ਵਿਸ਼ੇ ਦੀ ਸਮਝ ਬਣਾਉਂਦਾ ਹੈ ਤਾਂ ਇਸ ਨੂੰ ਕਹਿੰਦੇ ਹਨ :

(1) ਬੌਟਮ-ਡਾਉਨ ਪਹੁੰਚ
(2) ਟੌਪ-ਡਾਉਨ ਪਹੁੰਚ
(3) ਟੌਪ-ਅੱਪ ਪਹੁੰਚ
(4) ਬੌਟਮ-ਅੱਪ ਪਹੁੰਚ

**145.** ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਮੁਲਾਂਕਨ ਦੀਆ ਦਾ ਵੱਡੀਆ ਕਿਸਮਾਂ ਬਾਰੇ ਠੀਕ ਹੈ ?

(1) ਸਮੇਟਿਵ ਮੁਲਾਂਕਨ ਸਿਖਲਾਈ ਦੇ ਪੜਾਅ ਤੋਂ ਪਹਿਲਾਂ ਤੇ ਇਸ ਦੌਰਾਨ ਕੀਤਾ ਜਾਂਦਾ ਹੈ।
(2) ਫਾਰਮੇਟਿਵ ਮੁਲਾਂਕਨ ਸਿਖਲਾਈ ਦੇ ਕਾਰਜ ਨਾਲੋਂ ਰੂਪ ਉੱਤੇ ਬਲ ਦਿੰਦਾ ਹੈ।
(3) ਸਮੇਟਿਵ ਮੁਲਾਂਕਨ ਸਾਲ ਵਿਚ ਕੀਤੇ ਮੁਲਾਂਕਨ ਦੇ ਹਰੇਕ ਰੂਪ ਦੇ ਕੁੱਝ ਜੋੜ ਬਾਰੇ ਹੁੰਦਾ ਹੈ।
(4) ਫਾਰਮੇਟਿਵ ਮੁਲਾਂਕਨ ਸਿਖਲਾਈ ਦੇ ਪੜਾਅ ਰਾਹੀਂ ਨਿਰੰਤਰ ਹੁੰਦਾ ਹੈ ।

**146.** ਸਿਖਲਾਈ ਵਿਚ ਵਕਫ਼ਿਆਂ ਨੂੰ ਵੇਖਣ ਦੇ ਕ੍ਰਮ ਵਿਚ ਗਲਤੀਆ ਦਾ ਵਿਸ਼ੇਲੇਸ਼ਣ ਜ਼ਰੂਰੀ ਹੈ, ਕਿਉਂਕਿ :

(1) ਗ਼ਲਤੀਆਂ ਵਿਕਾਸ ਤੇ ਪ੍ਰੇਰਣਾ ਦੇ ਸੰਕਲਪ ਦਿਖਾਉਂਦੀਆਂ ਹਨ।
(2) ਜ਼ਿਆਦਾਤਰ ਗ਼ਲਤੀਆਂ ਸਿਖਿਆਰਥੀਆਂ ਦੇ ਕਠੋਰ ਵਿਹਾਰ ਕਰਦੇ ਹੁੰਦੀਆ ਹਨ।
(3) ਗ਼ਲਤੀਆਂ, ਸਿਖਿਆਰਥੀਆਂ ਮਨਾਂ ਅਤੇ ਉਨ੍ਹਾਂ ਦੀ ਸਿਖਲਾਈ ਦੀ ਪੱਧਰ ਵਿੱਚ ਖਿੜਕੀ ਹੁੰਦੀਆ ਹਨ।
(4) ਗ਼ਲਤੀਆਂ ਸਿਖਿਆਰਥੀਆਂ ਦੀ ਸੂਝਬੂਝ ਵਿਚ ਕਮੀ ਦਾ ਸੰਕੇਤ ਕਰਦੀਆਂ ਹਨ।

www.careerindia.com

CAREERINDIA

**147.** ਹੇਠ ਲਿਖਿਆਂ ਵਿਚੋਂ ਕਿਹੜਾ ਇਕ ਮੁਲਾਂਕਨ ਬਾਰੇ ਸਹੀ ਨਹੀਂ ਹੈ ?

(1) ਇਹ ਸਿਰਫ ਅਧਿਆਪਕ ਵਲੋਂ ਹੀ ਕੀਤਾ ਜਾ ਸਕਦਾ ਹੈ।

(2) ਇਹ ਵਿਦੀਆਰਥੀ ਦੀ ਪ੍ਰਗਤੀ ਦਾ ਇਕ ਸਮੁੱਚਾ ਜਾਇਜ਼ਾ ਪ੍ਰਦਾਨ ਕਰਦਾ ਹੈ।

(3) ਇਹ ਵਿਦਿਆਰਥੀ ਦੇ ਪ੍ਰਦਰਸ਼ਨ ਦਾ ਠੋਸ ਸਬੂਤ ਪੇਸ਼ ਕਰਦਾ ਹੈ।

(4) ਇਹ ਵਿਦਿਆਰਥੀ ਦੀ ਪ੍ਰਗਤੀ ਦਾ ਆਂਕਲਨ ਕਰਨ ਵਿਚ ਸਹਾਇਤਾ ਕਰਦਾ ਹੈ।

**148.** ਹੇਠ ਲਿਖਿਆਂ ਵਿਚੋਂ ਕਿਹੜਾ ਸਿਖਲਾਈ ਦਾ ਇਕ ਵੱਡਾ ਖੇਤਰ ਨਹੀਂ ਮੰਨਿਆ ਜਾਂਦਾ ?

(1) ਸਾਈਕੋਮੋਟਰ (2) ਕੌਗਨਿਟਿਵ

(3) ਸਮਾਜ-ਸਭਿਆਚਾਰਕ (4) ਭਾਵਾਤਮਕ

**149.** ਹੇਠ ਲਿਖਿਆਂ ਵਿਚੋਂ ਕਿਹੜਾ ਫਾਰਮੇਟਿਵ ਮੁਲਾਂਕਨ ਦੀ ਉਦਾਹਰਨ ਨਹੀਂ ਹੈ ?

(1) ਸੈਸ਼ਨ ਦੌਰਾਨ ਲਘੂ ਟੈਸ਼ਟਾਂ ਤੋਂ ਪੀਅਰ ਰਿਵਿਊ ਤੱਕ ਦੀਆ ਮੁਲਾਂਕਨ ਯੋਜਨਾਵਾਂ।

(2) ਪੂਰੇ ਸੈਸ਼ਨ ਦੌਰਾਨ ਮੌਖਿਕ ਅਤੇ ਲਿਖਤੀ ਟਾਸਕਾਂ, ਰੋਲ ਪਲੇਅ ਆਦਿ ਦੀ ਇਕ ਲੜੀ।

(3) ਸੈਸ਼ਨ ਦੇ ਅਖੀਰ ਵਿਚ ਇਕ ਟਰਮ ਪੇਪਰ।

(4) ਇਕ ਕਾਲ ਦੌਰਾਨ ਵਿਦਮਾਨ ਇਕ ਵਿਆਪਕ ਲ਼ਿਖਤੀ ਟੈਸਟ ਅਤੇ ਹੋਰ ਟਾਸਕਾਂ ਦਾ ਇਕ ਮਿਸ਼ਰਣ।

**150.** 'p' ਨੂੰ 'b' ਜਾ '6' ਨੂੰ '9' ਪੜ੍ਹਨਾ ਜਾਂ ਲਿਖਣਾ ਬੱਚਿਆ ਦਰਮਿਆਨ ________ ਨਾਲ ਇਕ ਆਮ ਗ਼ਲਤੀ ਹੈ।

(1) ਡਿਸਲੈਕਸੀਆ (2) ਥਥਲਾਉਣ (3) ਗੂੰਗਾਪਣ (4) ਅਨੋਮੀਆ

- o 0 o -

www.careerindia.com

